ਨਿਊਜ਼ ਰਿਲੀਜ਼

# ਐਲਬਰਟਾ ਓਪਨ ਫਾਰ ਸਮਰ ਪਲੈਨ ਦਾ ਪੜਾਅ 1 ਸ਼ੁਰੂ ਕਰਦਾ ਹੈ

1 ਜੂਨ 2021

ਐਲਬਰਟਾ ਨਿਵਾਸੀ ਹੁਣ ਆਊਟਡੋਰ ਪੈਟੀਓ, ਵਾਲ ਕੱਟਣ ਅਤੇ ਹੋਰ ਸਰੀਰਕ ਐਕਟਿਵਿਟੀਆਂ ਦਾ ਅਨੰਦ ਮਾਣ ਸਕਦੇ ਹਨ, ਜਦੋਂ ਕਿ ਵੈਕਸੀਨ ਲਗਾਉਣ ਦੀਆਂ ਦਰਾਂ ਲਗਾਤਾਰ ਉੱਪਰ ਜਾ ਰਹੀਆਂ ਹਨ ਅਤੇ ਹਸਪਤਾਲ ਦਾਖਲੇ ਹੇਠਾਂ ਆ ਰਹੇ ਹਨ।

12 ਸਾਲ ਤੋਂ ਵੱਧ ਉਮਰ ਦੇ 50 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਜਾਣ ਦੀ ਪੜਾਅ 1 ਲਈ ਮਿਥੀ ਸੀਮਾਂ 18 ਮਈ ਨੂੰ ਪੂਰੀ ਹੋ ਗਈ ਸੀ। ਇਕੱਠਿਆਂ ਮਿਲਕੇ, ਐਲਬਰਟਾ ਨਿਵਾਸੀਆਂ ਨੇ ਦੋ-ਹਫਤਿਆਂ ਦੇ ਉਡੀਕ ਸਮੇਂ ਦੌਰਾਨ ਕੇਸਾਂ ਨੂੰ ਹੇਠਾਂ ਲਿਆਂਦਾ ਅਤੇ ਹਸਪਤਾਲ ਦਾਖਲਿਆਂ ਨੂੰ 800 ਤੋਂ ਵਾਹਵਾ ਥੱਲੇ ਰੱਖਿਆ।

ਪੜਾਅ 1 ਦੇ ਉਪਾਅ ਹੁਣੇ ਤੋਂ ਲਾਗੂ ਹਨ। ਇਹ ਪੂਜਾ ਸੇਵਾਵਾਂ ਲਈ ਸਮਰੱਥਾ ਸੀਮਾ 'ਚ ਦਿੱਤੀਆਂ ਢਿੱਲਾਂ, ਜੋ 28 ਮਈ ਤੋਂ ਸ਼ੁਰੂ ਹੋਈਆਂ, ਤੋਂ ਇਲਾਵਾ ਹਨ।

ਅਧਿਕਾਰੀ ਐਲਬਰਟਾ ਦੇ ਵੈਕਸੀਨ ਲਗਾਉਣ ਦੇ ਪ੍ਰੋਗਰਾਮ ਦੀ ਪ੍ਰਗਤੀ ਨੂੰ ਵਾਚਣਾ ਜਾਰੀ ਰੱਖਣਗੇ, ਜਦੋਂ ਕਿ ਸੂਬੇ 'ਚ ਹਸਪਤਾਲ ਦਾਖਲਿਆਂ ਦੀ ਗਿਣਤੀ ਅਤੇ ਕੋਵਿਡ-19 ਦੇ ਲਾਗ ਸੰਚਾਰ 'ਤੇ ਕਰੀਬੀ ਨਜ਼ਰ ਰੱਖੀ ਜਾਵੇਗੀ।

**ਪੜਾਅ 1 : 12 ਸਾਲ ਤੋਂ ਵੱਧ ਉਮਰ ਦੇ 50% ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ ਅਤੇ ਕੋਵਿਡ-19 ਨਾਲ ਸਬੰਧਤ ਹਸਪਤਾਲ ਦਾਖਲੇ 800 ਤੋਂ ਘੱਟ ਹਨ ਅਤੇ ਹਨ ਅਤੇ ਘਟੀ ਜਾ ਰਹੇ ਹਨ।**

28 ਮਈ ਤੋਂ ਸ਼ੁਰੂ ਹੁੰਦਿਆਂ:

- ਪੂਜਾ ਸੇਵਾਵਾਂ ਲਈ ਗਿਣਤੀ ਦੀ ਹੱਦ ਵਧ ਕੇ ਫਾਇਰ ਕੋਡ ਸਮਰੱਥਾ ਦੇ 15% ਤੱਕ ਹੋ ਜਾਂਦੀ ਹੈ।

1 ਜੂਨ ਤੋਂ ਸ਼ੁਰੂ ਹੁੰਦਿਆਂ:

- ਦੂਰੀ ਸਹਿਤ, ਆਊਟ ਡੋਰ ਸਮਾਜਿਕ ਇਕੱਠਾਂ 'ਚ ਗਿਣਤੀ 10 ਲੋਕਾਂ ਤੱਕ ਵਧ ਜਾਂਦੀ ਹੈ।
    - ਇੰਨਡੋਰ ਸਮਾਜਿਕ ਇਕੱਠਾਂ ਦੀ ਅਜੇ ਵੀ ਇਜਾਜ਼ਤ ਨਹੀਂ ਹੈ।
- ਆਊਟਡੋਰ ਪੈਟਿਓ ਖਾਣਾ, ਵੱਧ ਤੋਂ ਵੱਧ ਚਾਰ ਵਿਅਕਤੀ ਪ੍ਰਤਿ ਟੇਬਲ ਸਹਿਤ ਫਿਰ ਸ਼ੁਰੂ ਹੋ ਸਕਦਾ ਹੈ।

    - ਟੇਬਲ ਉੱਪਰ ਸਾਰੇ ਵਿਅਕਤੀ ਜ਼ਰੂਰੀ ਤੌਰ ‘ਤੇ ਇਕੋ ਹੀ  ਪਰਿਵਾਰ ਦੇ ਮੈਂਬਰ ਹੋਣ, ਜਾਂ ਉਹ ਵਿਅਕਤੀ ਜੋ ਇਕੱਲਾ ਰਹਿੰਦਾ ਹੈ, ਉਸ ਲਈ ਖਾਣੇ ਦੀਆਂ ਪਾਰਟੀਆਂ ਦੋ ਨਿਕਟ ਸਬੰਧੀਆਂ ਤੱਕ ਸੀਮਤ ਹਨ।

- ਸਰੀਰਕ ਦੂਰੀ ਰੱਖਣਾ ਅਤੇ ਹੋਰ ਪਾਬੰਦੀਆਂ ਅਜੇ ਲਾਗੂ ਹਨ।

- ਆਊਟਡੋਰ ਸਰੀਰਕ,  ਪ੍ਰਫਾਰਮੈਂਸ ਅਤੇ ਰਿਕ੍ਰੀਏਸ਼ਨਲ ਐਕਟਿਵਿਟੀਆਂ ਦੀ, ਹਰ ਉਮਰ ਦੇ ਲੋਕਾਂ ਲਈ, ਦੂਰੀ ਰੱਖਦੇ 10 ਵਿਅਕਤੀਆਂ ਤੱਕ ਵਾਸਤੇ ਇਜਾਜ਼ਤ ਹੈ।
- ਰਿਟੇਲ ਕਾਰੋਬਾਰ ਗਿਣਤੀ ਨੂੰ ਆਪਣੀ ਫਾਇਰ ਕੋਡ ਸਮਰੱਥਾ ਦੇ 15 ਪ੍ਰਤਿਸ਼ਤ ਤੱਕ ਵਧਾ ਸਕਦੇ ਹਨ (ਦੂਰੀ ਰੱਖਣ ਦੀ ਯੋਗਤਾ ਨੂੰ ਜ਼ਰੂਰ ਬਣਾਈ ਰੱਖਣ)।
- ਪਰਸਨਲ ਅਤੇ ਵੈੱਲਨੈੱਸ ਸੇਵਾਵਾਂ, ਕੇਵਲ ਐਪੁਆਇੰਟਮੈਂਟ ਦੁਆਰਾ, ਮੁੜ ਖੁੱਲ੍ਹ ਸਕਦੀਆਂ ਹਨ।
- ਵਿਆਹ ਦੀਆਂ ਰਸਮਾਂ ‘ਚ 10 ਤੱਕ ਲੋਕ ਸ਼ਾਮਲ ਹੋ ਸਕਦੇ ਹਨ, ਸਮੇਤ ਗ੍ਰੰਥੀ, ਲਾੜੀ/ਲਾੜਾ, ਗਵਾਹ ਅਤੇ ਫੋਟੋਗਰਾਫਰ/ਵੀਡੀਓਗਰਾਫਰ। ਰਿਸੈਪਸ਼ਨ ਪਾਰਟੀਆਂ ਮਨ੍ਹਾਂ ਰਹਿਣਗੀਆਂ।
- ਸਸਕਾਰ ਦੀਆਂ ਰਸਮਾਂ ‘ਚ 20 ਤੱਕ ਲੋਕ ਸ਼ਾਮਲ ਹੋ ਸਕਦੇ ਹਨ, ਜਿੰਨ੍ਹਾਂ ‘ਚ ਫੈਸਿਲਿਟੀ ਦਾ ਸਟਾਫ, ਸਸਕਾਰ ਰਸਮਾਂ ਨਿਭਾਉਣ ਵਾਲਾ ਧਾਰਮਿਕ ਵਿਅਕਤੀ ਜਾਂ ਪ੍ਰਬੰਧਕ, ਜੋ ਮਹਿਮਾਨ ਨਹੀਂ ਸਮਝੇ ਜਾਂਦੇ, ਸ਼ਾਮਲ ਨਹੀਂ ਹੋਣਗੇ। ਰਿਸੈਪਸ਼ਨਾਂ ਮਨ੍ਹਾਂ ਰਹਿਣਗੀਆਂ।
- ਦੂਰੀ ਰੱਖਣ ਅਤੇ ਮਾਸਕ ਪਾਉਣ ਦੀਆਂ ਜ਼ਰੂਰਤਾਂ ਲਾਗੂ ਰਹਿਣਗੀਆਂ।

ਵੈਕਸੀਨ ਲਗਾਉਣ ਦੀ ਮੌਜੂਦਾ ਗਤੀ ਅਤੇ ਘਟ ਰਹੇ ਹਸਪਤਾਲ ਦਾਖਲਿਆਂ ਦੇ ਆਧਾਰ ‘ਤੇ, ਪੜਾਅ 2 ਦੇ 10 ਜੂਨ ਤੋਂ ਸ਼ੁਰੂ ਹੋਣ ਦੀ ਆਸ ਹੈ, ਬਸ਼ਰਤੇ ਕਿ ਹਸਪਤਾਲ ਦਾਖਲੇ 500 ਤੋਂ ਥੱਲੇ ਰਹਿੰਦੇ ਅਤੇ ਘਟਦੇ ਰਹਿੰਦੇ ਹਨ।

ਪੜਾਅ 3 ਦੇ ਜੂਨ ਦੇ ਅੰਤ ਜਾਂ ਜੁਲਾਈ ਦੇ ਸ਼ੁਰੂ ‘ਚ ਚਾਲੂ ਹੋ ਜਾਣ ਦੀ ਆਸ ਹੈ। ਇਹ ਸਾਰੇ ਐਲਬਰਟਾ ਨਿਵਾਸੀਆਂ ਦੁਆਰਾ ਵੈਕਸੀਨ ਲਗਵਾਉਣੇ ਜਾਰੀ ਰੱਖਣ ਅਤੇ ਲਾਗੂ ਪਬਲਿਕ ਹੈਲਥ ਉਪਾਵਾਂ ਦੀ ਪਾਲਣਾ ਕਰਨ ‘ਤੇ ਨਿਰਭਰ ਕਰਦਾ ਹੈ।

ਐਲਬਰਟਾ ਨਿਵਾਸੀ ਸੂਬੇ ਦੀ ਵੈਕਸੀਨ ਲਗਾਉਣ ਦੀ ਪ੍ਰਗਤੀ  alberta.ca.‘ਤੇ ਜਾ ਕੇ ਵੇਖ ਸਕਦੇ ਹਨ।

ਮੁੜ-ਖੁੱਲ੍ਹਣ ਦੇ ਸਾਰੇ ਅਮਲ ਦੌਰਾਨ ਕੋਵਿਡ-19 ਦੇ ਸੂਬਾਈ ਲਾਗ ਸੰਚਾਰ ਨੂੰ ਵਾਚਣਾ ਲਗਾਤਾਰ ਜਾਰੀ ਰਹੇਗਾ। ਜੇਕਰ ਜ਼ਰੂਰਤ ਪਈ ਤਾਂ ਖੇਤਰੀ ਜਾਂ ਸੂਬਾਈ ਪੱਧਰ ‘ਤੇ ਕੋਵਿਡ-19 ਦੇ ਲਾਗ ਸੰਚਾਰ ਦੇ ਰੁਝਾਨਾਂ ਨਾਲ ਨਿਪਟਣ ਲਈ ਮੁੜ-ਖੁੱਲ੍ਹਣ ਦੇ ਕਿਸੇ ਕਦਮ ਨੂੰ ਰੋਕਿਆ ਵੀ ਜਾ ਸਕਦਾ ਹੈ।

ਮੁੜ-ਖੁੱਲ੍ਹਣ ਦੀ ਨਿਰੰਤਰਤਾ ਐਲਬਰਟਾ ਨਿਵਾਸੀਆਂ ਦੇ ਗਰਮੀਆਂ ਦੇ ਮਹੀਨਿਆਂ ਦੌਰਾਨ ਕੋਵਿਡ-19 ਦੇ ਭਵਿੱਖੀ ਫੈਲਾਅ ਦੀ ਰੋਕਥਾਮ ਲਈ ਦੋਹਾਂ ਖੁਰਾਕਾਂ ਸਮੇਤ ਮੁਕੰਮਲ ਰੂਪ ‘ਚ ਵੈਕਸੀਨ ਲਗਵਾ ਲੈਣ ‘ਤੇ ਨਿਰਭਰ ਕਰੇਗੀ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।**

## ਸਬੰਧਤ ਜਾਣਕਾਰੀ

- Alberta’s Open for Summer Plan

## ਮੀਡੀਆ ਇਨਕੁਆਰੀਆਂ


- Jerrica Goodwin
- 587-988-3278
  ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ


*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ : https://www.alberta.ca/covid-19-translated-resources.aspx.*